(i) Printed Pages: 3 Roll No. ................................

(ii) Questions : 5

**Sub. Code : 0 4 0 2**

**Exam. Code : 0 0 0 5**

**B.A. (General) 5th Semester**

**(1129)**

**PUNJABI (Compulsory)**

**Paper—For B.A. & Shastri 5th Sem only**

**Time Allowed : Three Hours] [Maximum Marks : 45**

**ਨੋਟ** :— (1) ਲਿਖਾਈ ਸਾਫ਼ ਸੁਥਰੀ ਲਿਖੀ ਜਾਵੇ।

(2) ਹਰੇਕ ਪ੍ਰਸ਼ਨ ਦੇ ਭਾਗਾਂ ਦਾ ਜਵਾਬ ਇਕੱਠਾ ਜਾਂ ਇਕ ਥਾਂ 'ਤੇ ਦਿੱਤਾ ਜਾਵੇ।

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਚੂੜਾ ਭੰਨ ਪਲੰਘ ਸਿਓ ਮੁੰਧੇ ਸਣੁ ਬਾਹੀ ਸਣੁ ਬਾਹਾ
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।
ਨਾ ਮਨੀਆਰ ਨਾ ਚੂੜੀਆਂ ਨਾ ਸੇ ਵੰਗੁੜੀਆਹਾ।
ਜੋ ਸਹੁ ਕੰਠਿ ਨ ਲਾਗੀਆ ਜਲਨਿ ਸਿ ਬਾਹੜੀਆਹਾ।

**ਜਾਂ**

ਭਾਈਆਂ ਬਾਝ ਨ ਮਜਲਿਸਾਂ ਸੋਂਹਦੀਆਂ ਨੇ,
ਅਤੇ ਭਾਈਆਂ ਬਾਝ ਬਹਾਰ ਨਾਹੀਂ
ਭਾਈ ਮਰਨ ਤੇ ਪੈਂਦੀਆਂ ਭੱਜ ਬਾਹਾਂ
ਬਿਨਾਂ ਭਾਈਆਂ ਦੇ ਪਰ੍ਹੇ ਪਰਵਾਹ ਨਾਹੀਂ

ਲੱਖ ਓਟ ਹੈ ਕੋਲ ਵਸੇਂਦਿਆਂ ਦੀ,
ਭਾਈਆਂ ਗਿਆ ਜੇਡੀ ਕੋਈ ਹਾਰ ਨਾਹੀਂ
ਭਾਈ ਢਾਂਵਦੇ ਭਾਈ ਉਸਾਰਦੇ ਨੇ,
ਭਾਈਆਂ ਬਾਝ ਬਾਹਾਂ ਬੇਲੀ ਯਾਰ ਨਾਹੀਂ

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਸਾਰ ਅਤੇ ਕੇਂਦਰੀ ਭਾਵ ਲਿਖੋ :

ਕੋਈ ਬੋਲੇ ਰਾਮ ਰਾਮ

**ਜਾਂ**

ਦੁਨੀਆਂ ਜੀਵਨ ਚਾਰ ਦਿਹਾੜੇ। 5+5=10

2. ਹੇਠ ਲਿਖੇ ਅੱਠ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਲਿਖੋ :

(ੳ) "ਫਰੀਦਾ ਕਿਥੈ ਤੇਰੇ ਮਾਪਿਆ" ਸਲੋਕ ਰਾਹੀਂ ਫਰੀਦ ਜੀ ਮਨੁੱਖ ਨੂੰ ਕੀ ਉਪਦੇਸ਼ ਦਿੰਦੇ ਹਨ ?

(ਅ) 'ਮੋਤੀ ਤ ਮੰਦਰ' ਬਾਣੀ ਵਿਚੋਂ ਤੁਹਾਨੂੰ ਕੀ ਸਿਖਿਆ ਮਿਲਦੀ ਹੈ ?

(ੲ) ਬਿਰਹਨ ਮਾਲਕ ਪਤੀ ਦੀ ਗੱਲ ਕਰਨ ਵਾਲੇ ਨੂੰ ਕੀ ਦੇਣਾ ਚਾਹੁੰਦੀ ਹੈ ?

(ਸ) 'ਬਿਸਰਿ ਗਈ ਸਭ ਤਾਤਿ ਪਰਾਈ' ਸ਼ਬਦ ਦਾ ਕੇਂਦਰੀ ਭਾਵ ਲਿਖੋ।

(ਹ) ਗੁਰ ਨਾਨਕ ਦੇਵ ਜੀ ਦੇ ਜਨਮ ਨਾਲ ਆਲੇ ਦੁਆਲੇ ਕੀ ਪ੍ਰਭਾਵ ਪਿਆ ?

(ਕ) 'ਚੰਡੀ ਦੀ ਵਾਰ' ਦਾ ਰਚਨਹਾਰ ਕੌਣ ਹੈ ?

(ਖ) ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਦੀਆਂ ਵਿਸ਼ੇਸ਼ਤਾਵਾਂ ਲਿਖੋ।

(ਗ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ ? ਉਸਨੇ ਕਿਹੜਾ ਕਿੱਸਾ ਲਿਖਿਆ ? 5×2=10

3. ਹੇਠ ਲਿਖਿਆਂ ਵਿਚੋਂ ਕੋਈ **ਇਕ** ਪੈਰ੍ਹਾ ਰਚਨਾ ਲਿਖੋ :

(ੳ) ਭਰੂਣ ਹੱਤਿਆ

(ਅ) ਬੇਰੁਜ਼ਗਾਰੀ

(ੲ) ਸਮੇਂ ਦੀ ਕਦਰ। 8

4. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

**ਜਾਂ**

ਗੁਰਮੁਖੀ ਲਿਪੀ ਦੀ ਪ੍ਰਾਚੀਨਤਾ ਉੱਤੇ ਇਕ ਨੋਟ ਲਿਖੋ। 7

5. (ੳ) 'ਨਾਂਵ ਵਾਕੰਸ਼' ਕੀ ਹੁੰਦਾ ਹੈ ? ਇਸ ਦੀ ਪਰਿਭਾਸ਼ਾ ਲਿਖੋ।

**ਜਾਂ**

ਅਕਰਮਕ ਕਿਰਿਆ ਅਤੇ ਸਕਰਮਕ ਕਿਰਿਆ ਦੇ ਲੱਛਣ ਤੇ ਪਰਿਭਾਸ਼ਾ ਲਿਖੋ। 6

(ਅ) ਹੇਠ ਲਿਖੇ ਵਾਕਾਂ ਬਾਰੇ ਬ੍ਰੈਕਟਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦੇ ਉੱਤਰ ਦਿਓ :

(1) ਚਾਰ ਉਸ ਦੀਆਂ ਧੀਆਂ ਸਨ ਅਤੇ ਦੋ ਛੋਟੇ ਪੁੱਤਰ ਸਨ। (ਯੋਜਕ ਪਛਾਣੋ)

(2) ਮੈਂ ਕਿਤਾਬ ਪੜ੍ਹਦਾ ਹੈ। (ਮੇਲ ਠੀਕ ਲਿਖੋ)

(3) ਅਜੈ ਦੇ ਸੌਂਦਿਆਂ ਹੀ ਮੈਂ ਚਲਾ ਗਿਆ। (ਕਿਰਿਆ ਵਾਕੰਸ਼ ਲਿਖੋ)

(4) ਅਧਿਆਪਕ ਨੇ ਵਿਆਕਰਨ ਪੜ੍ਹਾਈ ਹੀ ਨਹੀਂ। (ਨਾਂਵ ਵਾਕੰਸ਼ ਪਛਾਣੋ)

2+2=4